भारत सरकार GOVERNMENT OF INDIA · शिक्षा मंत्रालय MINISTRY OF EDUCATION

ਕਾਸ਼ੀ ਤਮਿਲ ਸੰਗਮਮ 5.0 · ਤਿਰੁੱਕੁਰਲ ਪਯਿਲਵੋਮ

ਵਿੱਦਿਆ ਬਾਰੇ ਦਸ ਕੁਰਲ

அதிகாரம் 40 · கல்வி · Chapter 40 · Learning (Kalvi)

---

391 **கற்க கசடறக் கற்பவை கற்றபின்**
நிற்க அதற்குத் தக.
ਸਿੱਖਣ ਯੋਗ ਗ੍ਰੰਥਾਂ ਦਾ ਸੰਸੇ-ਰਹਿਤ ਯੁਕਤੀ ਨਾਲ ਅਧਿਅਨ ਕਰ ਲੈਣਾ ਚਾਹੀਦਾ ਹੈ।
ਫਿਰ ਉਸ ਵਿਚਲੀਆਂ ਸਿੱਖਿਆਵਾਂ ਦੇ ਅਨੁਕੂਲ ਜੀਵਨ ਨੂੰ ਵੀ ਢਾਲਣਾ ਚਾਹੀਦਾ ਹੈ।

392 **எண்ணென்ப ஏனை எழுத்தென்ப இவ்விரண்டும்**
கண்ணென்ப வாழும் உயிர்க்கு.
ਅੰਕ ਵਿਦਿਆ (ਗਣਿਤ) ਤੇ ਅੱਖਰ ਵਿਦਿਆ ਸੰਸਾਰ ਵਿਚ ਵਿਚਰਣ ਵਾਲੇ
ਲੋਕਾਂ ਦੀਆਂ ਅੱਖਾਂ ਹੁੰਦੀਆਂ ਹਨ।

393 **கண்ணுடையர் என்பவர் கற்றோர் முகத்திரண்டு**
புண்ணுடையர் கல்லா தவர்.
ਜੋ ਪੜ੍ਹੇ ਲਿਖੇ ਹਨ ਉਹ ਹੀ ਸਹੀ ਅਰਥਾਂ ਵਿਚ ਅੱਖਾਂ ਵਾਲੇ ਹਨ।
ਅਨਪੜ੍ਹ ਲੋਕ ਤਾਂ ਚੇਹਰੇ ਉੱਤੇ ਦੋ ਘਾਉ (ਜ਼ਖ਼ਮ) ਲਈ ਫਿਰਦੇ ਹਨ।

394 **உவப்பத் தலைக்கூடி உள்ளப் பிரிதல்**
அனைத்தே புலவர் தொழில்.
ਵਿਦਵਾਨ ਲੋਕਾਂ ਨੂੰ ਮਿਲਣ 'ਤੇ ਆਨੰਦ ਮਿਲਦਾ ਹੈ, ਉਹਨਾਂ ਤੋਂ ਜੁਦਾ ਹੋਣ ਵੇਲੇ
ਪੁਨਰ ਮਿਲਣ ਦੀ ਜਗਿਆਸਾ ਸਾਡੇ ਅੰਦਰ ਉਤਪੰਨ ਹੁੰਦੀ ਹੈ।

395 **உடையார்முன் இல்லார்போல் ஏக்கற்றுங் கற்றார்**
கடையரே கல்லா தவர்.
ਵਿਦਵਾਨਾਂ ਦੇ ਸਾਹਮਣੇ ਅਸਿਖਸ਼ਤ ਲੋਕ ਉਸੇ ਤਰ੍ਹਾਂ ਖੜੇ ਰਹਿੰਦੇ ਹਨ ਜਿਵੇਂ ਧੰਨਵਾਨਾਂ ਦੇ ਸਾਹਮਣੇ ਨਿਰਧੰਨ। ਜੋ ਸਿਖਿਆ ਤੋਂ ਵੰਚਿਤ ਰਹਿੰਦੇ ਹਨ ਉਹ ਗੁਣਹੀਣ ਹੁੰਦੇ ਹਨ।

396 **தொட்டனைத் தூறும் மணற்கேணி மாந்தர்க்குக்**
கற்றனைத் தூறும் அறிவு.
ਜਿਵੇਂ ਖੂਹ ਵਿਚੋਂ ਪਾਣੀ ਉਤਨਾ ਹੀ ਵਧੇਰੇ ਨਿਕਲੇਗਾ ਜਿਤਨਾ ਉਸ ਵਿਚਲੀ ਰੇਤ ਨੂੰ ਡੂੰਘਾ ਪੁੱਟਿਆ ਜਾਵੇਗਾ। ਇਵੇਂ ਹੀ ਇਕ ਵਿਦਵਾਨ ਪਾਸੋਂ ਉਤਨੀ ਹੀ ਗੰਭੀਰ ਵਿਦਿਆ ਮਿਲੇਗੀ ਜਿਤਨਾ ਗੰਭੀਰ ਉਸ ਦਾ ਅਧਿਅਨ ਹੋਵੇਗਾ।

397 **யாதானும் நாடாமால் ஊராமால் என்னொருவன்**
சாந்துணையுங் கல்லாத வாறு.
ਵਿਦਵਾਨ ਲਈ ਸਾਰਾ ਸੰਸਾਰ ਤੇ ਇਸ ਵਿਚਲੇ ਸਾਰੇ ਨਗਰ ਉਸ ਦੇ ਆਪਣੇ ਬਣ ਜਾਂਦੇ ਹਨ। ਫਿਰ ਕਈ ਵਿਅਕਤੀ ਆਪਣੇ ਆਖਰੀ ਦਮ ਤੱਕ ਅਸਿਖਸ਼ਤ ਕਿਉਂ ਰਹਿੰਦੇ ਹਨ?

398 **ஒருமைக்கண் தான்கற்ற கல்வி ஒருவற்கு**
எழுமையும் ஏமாப் புடைத்து.
ਇਕ ਜਨਮ ਵਿਚ ਪ੍ਰਾਪਤ ਕੀਤੀ ਵਿਦਿਆ ਆਉਣ ਵਾਲੇ
ਕਈ ਜਨਮਾਂ ਤਕ ਸੁਖ ਤੇ ਆਨੰਦ ਪ੍ਰਦਾਨ ਕਰਦੀ ਹੈ।

399 **தாமின் புறுவது உலகின் புறக்கண்டு**
காமுறுவர் கற்றறிந் தார்.
ਵਿਦਵਾਨ ਲੋਕ ਇਹ ਦੇਖ ਕੇ ਪ੍ਰਸੰਨ ਹੁੰਦੇ ਹਨ ਕਿ ਵਿਦਿਆ ਨਾਲ ਆਪ ਨੂੰ ਤਾਂ ਸੁਖ ਮਿਲਣਾ ਹੀ ਹੈ ਦੂਸਰੇ ਲੋਕਾਂ ਨੂੰ ਵੀ ਲਾਭ ਮਿਲਦਾ ਹੈ। ਸੋ ਵਿਦਵਾਨ ਵਧ ਤੋਂ ਵਧ ਵਿਦਿਆ ਪ੍ਰਾਪਤੀ ਦਾ ਯਤਨ ਕਰਦੇ ਹਨ।

400 **கேடில் விழுச்செல்வம் கல்வி யொருவற்கு**
மாடல்ல மற்றை யவை.
ਸਿਖਿਆ ਸਹੀ ਅਰਥਾਂ ਵਿਚ ਇਕ ਅਵਿਨਾਸ਼ੀ ਜਾਇਦਾਦ ਹੁੰਦੀ ਹੈ,
ਹੋਰ ਸਭ ਸੰਪਦਾ ਨਾਸ਼ਮਾਨ ਹੁੰਦੀ ਹੈ। ਅਨਪੜ੍ਹ - ਕੱਲਾਮੈ

ਅਨੁਵਾਦ © ਕੇਂਦਰੀ ਸ਼ਾਸਤਰੀ ਤਮਿਲ ਸੰਸਥਾਨ, ਚੇਨਈ · CC BY 4.0